ਜ਼ਰੂਰੀ ਤੱਥ 3

ਡ੍ਰਾਈਵਰ ਲਾਈਸੈਂਸ ਸੈਕੰਡਰੀ ਸਮੀਖਿਆ ਰੈਫਰਲ ਕਾਰਵਾਈ

STATE OF CALIFORNIA DMV Department of Motor Vehicles

ਕੀ ਤੁਹਾਨੂੰ ਇੱਕ ਸੈਕੰਡਰੀ ਸਮੀਖਿਆ ਰੈਫਰਲ ਨੋਟਿਸ (*Secondary Review Referral Notice,* DL 209A) ਪ੍ਰਾਪਤ ਹੋਇਆ ਹੈ?

ਤੁਹਾਨੂੰ DL 209A ਇਸਲਈ ਮਿਲਿਆ ਹੈ ਕਿਉਂਕਿ ਜਿਹੜੇ ਪਛਾਣ/ਰਿਹਾਇਸ਼ ਦੇ ਦਸਤਾਵੇਜ਼ ਤੁਸੀਂ ਆਪਣੀ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (*Department of Motor Vehicles,* DMV) ਦੇ ਖੇਤਰੀ ਦਫ਼ਤਰ ਦੀ ਵਿਜ਼ਿਟ ਦੇ ਦੌਰਾਨ ਸਬਮਿਟ ਕੀਤੇ ਸੀ, ਉਨ੍ਹਾਂ ਦੀ ਹੋਰ ਸਮੀਖਿਆ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ (DL) ਸੈਕੰਡਰੀ ਸਮੀਖਿਆ ਰੈਫਰਲ ਪ੍ਰਕਿਰਿਆ ਸ਼ੁਰੂ ਕਰਨ ਲਈ, ਤੁਹਾਨੂੰ **dmv.ca.gov/SRA** 'ਤੇ ਜਾਣਾ ਚਾਹੀਦਾ ਹੈ ਜਾਂ (855) 421-1001 'ਤੇ ਕਾਲ ਕਰਨੀ ਚਾਹੀਦੀ ਹੈ। DL ਅਰਜ਼ੀ ਪ੍ਰਕਿਰਿਆ ਉਦੋਂ ਤੱਕ ਜਾਰੀ ਨਹੀਂ ਰਹਿ ਸਕਦੀ ਜਦੋਂ ਤੱਕ ਬਿਨੈਕਾਰ ਕਿਸੇ ਵੀ ਢੰਗ ਦੀ ਵਰਤੋਂ ਕਰਕੇ DMV ਨਾਲ ਸੰਪਰਕ ਨਹੀਂ ਕਰਦਾ।

ਮਦਦਗਾਰ ਸੁਝਾਅ—*DMV* ਨਾਲ ਸੰਪਰਕ ਕਰਨ ਵੇਲੇ ਜਾਣਨ ਵਾਲੀਆਂ ਗੱਲਾਂ

- DMV ਨਾਲ ਸੰਪਰਕ ਕਰਨ ਅਤੇ ਸੈਕੰਡਰੀ ਸਮੀਖਿਆ ਦੀ ਮੰਗ ਕਰਨ ਤੋਂ ਪਹਿਲਾਂ DL 209A ਪ੍ਰਾਪਤ ਕਰਨ ਤੋਂ ਬਾਅਦ 5 ਕਾਰੋਬਾਰੀ ਦਿਨ ਉਡੀਕ ਕਰੋ।
- ਸੰਦਰਭ ਲਈ ਆਪਣੀ ਡ੍ਰਾਈਵਰ ਲਾਈਸੈਂਸ (DL) ਆਵੇਦਨ ਦੀ ਰਸੀਦ ਤਿਆਰ ਰੱਖੋ।
- ਭਾਸ਼ਾ ਸਹਾਇਤਾ ਉਪਲੱਬਧ ਹੈ। ਜਦੋਂ ਤੁਸੀਂ ਫ਼ੋਨ ਕਰੋ, ਤਾਂ ਕਿਰਪਾ ਕਰਕੇ ਕਹੋ, "ਮੈਨੂੰ _____ ਵਿੱਚ ਭਾਸ਼ਾ ਸਹਾਇਤਾ ਚਾਹੀਦੀ ਹੈ।"

ਤੁਹਾਡੇ DMV ਨੂੰ ਫ਼ੋਨ ਕਰਨ ਤੋਂ ਬਾਅਦ, ਤੁਹਾਨੂੰ 30 ਦਿਨਾਂ ਦੇ ਅੰਦਰ-ਅੰਦਰ ਡਾਕ ਰਾਹੀਂ ਇੱਕ ਪੱਤਰ ਪ੍ਰਾਪਤ ਹੋਵੇਗਾ, ਜਿਸ ਵਿੱਚ ਤਾਰੀਖ, ਸਮਾਂ, ਅਤੇ ਉਸ ਦਫ਼ਤਰ ਦੀ ਥਾਂ (ਲੋਕੇਸ਼ਨ) ਸ਼ਾਮਲ ਹੋਵੇਗੀ ਜਿੱਥੇ ਤੁਹਾਡਾ ਇੰਟਰਵੀਯੂ ਲਿਆ ਜਾਣਾ ਹੈ।

ਧਿਆਨ ਦਓ: ਜੇ ਤੁਸੀ DL 209A ਗੁੰਮਾ ਦਿੰਦੇ ਹੋ, ਤਾਂ ਹੋਰ ਮਦਦ ਲਈ ਕਿਰਪਾ ਕਰਕੇ DMV ਨੂੰ 1-800-777-0133 'ਤੇ ਫ਼ੋਨ ਕਰੋ।

ਮੈਂ ਇੰਟਰਵੀਯੂ ਤੇ ਕੀ ਉਮੀਦ ਕਰ ਸਕਦਾ/ਦੀ ਹਾਂ?

ਇੰਟਰਵੀਯੂ ਵੇਲੇ, ਤੁਹਾਡੀ ਪਛਾਣ/ਰਿਹਾਇਸ਼ ਦੇ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ ਜਾਏਗੀ, ਤੁਹਾਡੇ ਤੋਂ ਕਈ ਤਰ੍ਹਾਂ ਦੇ ਸੁਆਲ ਪੁੱਛੇ ਜਾਣਗੇ, ਅਤੇ ਖੇਤਰੀ ਦਫ਼ਤਰ ਵਿੱਚ ਲਈ ਗਈ ਤਸਵੀਰ ਦੀ ਪੁਸ਼ਟੀ ਕੀਤੀ ਜਾਏਗੀ। ਇੰਟਰਵੀਯੂ ਦੀ ਪ੍ਰਕਿਰਿਆ ਵਿੱਚ 1 ਘੰਟੇ ਤੱਕ ਦਾ ਸਮਾਂ ਲਗ ਸਕਦਾ ਹੈ।

ਜੇ ਤੁਹਾਡੀ ਪਛਾਣ/ਰਿਹਾਇਸ਼ ਦੇ ਦਸਤਾਵੇਜ਼ਾਂ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ, ਤਾਂ ਤੁਹਾਨੂੰ ਡਾਕ ਰਾਹੀਂ ਡ੍ਰਾਈਵਰ ਲਾਈਸੈਂਸ (DL) ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਬਾਰੇ ਵਾਧੂ ਨਿਰਦੇਸ਼ ਦਿੰਦਾ ਇੱਕ ਫਾਲੋ-ਅਪ ਪੱਤਰ ਪ੍ਰਾਪਤ ਹੋਵੇਗਾ।

ਮੈਨੂੰ ਕਹਿੜੇ ਦਸਤਾਵੇਜ਼ਾਂ ਦੀ ਲੋੜ ਪਏਗੀ?

ਇਹ ਨਿਰਧਾਰਤ ਕਰਨ ਲਈ ਤੁਹਾਡੇ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ ਜਾਏਗੀ ਕਿ ਤੁਸੀਂ ਕੌਣ ਹੋ ਅਤੇ ਕਿੱਥੇ ਰਹਿੰਦੇ ਹੋ। ਤੁਹਾਨੂੰ ਉਸ ਦਸਤਾਵੇਜ਼ ਲਿਆਉਣ ਦੀ ਲੋੜ ਹੋਵੇਗੀ ਜੋ ਤੁਹਾਡੀ ਪਛਾਣ/ਰਿਹਾਇਸ਼ ਨੂੰ ਸਾਬਤ ਕਰਦੇ ਹਨ। ਇਹਨਾਂ ਦਸਤਾਵੇਜ਼ਾਂ ਦੀ ਲੋੜ DMV ਦੁਆਰਾ ਜਾਰੀ ਕੀਤੇ ਗਏ ਡ੍ਰਾਈਵਰ ਲਾਈਸੈਂਸ (DL) ਦੀ ਸ਼ੁੱਧਤਾ ਅਤੇ ਅਖੰਡਤਾ ਦੀ ਸੁਰੱਖਿਆ ਵਿੱਚ ਮਦਦ ਕਰਦੀ ਹੈ ਅਤੇ ਕਿਸੇ ਹੋਰ ਵਿਅਕਤੀ ਨੂੰ ਤੁਹਾਡੀ ਜਾਣਕਾਰੀ ਅਤੇ/ਜਾਂ ਪਛਾਣ ਦੀ ਵਰਤੋਂ ਕਰਨ ਤੋਂ ਰੋਕ ਸਕਦੀ ਹੈ। ਆਪਣੇ ਨਿਰਧਾਰਤ ਇੰਟਰਵੀਯੂ ਵਿੱਚ ਇਸ ਬ੍ਰੋਸ਼ਰ ਵਿੱਚ ਸੂਚੀਬੱਧ ਕੀਤੇ ਜਿੰਨੇ ਵੱਧ ਤੋਂ ਵੱਧ ਹੋ ਸਕੇ, ਦਸਤਾਵੇਜਾਂ ਨਾਲ ਲਿਆਓ। ਪ੍ਰਦਾਨ ਕੀਤੇ ਗਏ ਸਾਰੇ ਦਸਤਾਵੇਜ਼ ਇੰਟਰਵੀਯੂ ਤੋਂ ਬਾਅਦ ਤੁਹਾਨੂੰ ਵਾਪਸ ਕਰ ਦਿੱਤੇ ਜਾਣਗੇ।

- ਸਕੂਲ ਦੇ ਦਸਤਾਵੇਜ਼, ਜਿੰਨਾਂ ਵਿੱਚ ਸ਼ਾਮਲ ਹਨ:
  - — ਪਬਲਿਕ ਜਾਂ ਪ੍ਰਾਈਵੇਟ
  - — ਪ੍ਰਾਇਮਰੀ, ਸੈਕੰਡਰੀ, ਜਾਂ ਪੋਸਟ-ਸੈਕੰਡਰੀ ਸੰਸਥਾ
  - — ਕਾਲਜ ਜਾਂ ਯੂਨੀਵਰਸਿਟੀ

ਸਕੂਲ ਦੇ ਦਸਤਾਵੇਜ਼ਾਂ ਵਿੱਚ ਤੁਹਾਡੀ ਜਨਮ ਮਿਤੀ, ਜਾਂ ਜੇ ਕੋਈ ਵਿਦੇਸ਼ੀ ਸਕੂਲ ਦਸਤਾਵੇਜ਼ ਹੈ, ਤਾਂ ਸਕੂਲ ਦੁਆਰਾ ਸੀਲ ਕੀਤਾ ਜਾਣਾ ਜ਼ਰੂਰੀ ਹੈ ਅਤੇ ਇਸ ਵਿੱਚ ਰਿਕਾਰਡ ਜਾਰੀ ਕਰਨ ਵੇਲੇ ਬਿਨੈਕਾਰ ਦਾ ਉਸ ਵੇਲੇ ਦਾ ਇੱਕ ਫੋਟੋ ਸ਼ਾਮਲ ਹੋਣਾ ਜ਼ਰੂਰੀ ਹੈ।

- ਅਮਰੀਕਾ ਦੀ ਸਰਕਾਰ ਦੁਆਰਾ ਜਾਂ ਅਮਰੀਕਾ ਵਿੱਚਲੀ ਕਿਸੇ ਸਰਕਾਰ ਦੁਆਰਾ ਜਾਰੀ ਦਸਤਾਵੇਜ਼ ਜਿੰਨਾ ਵਿੱਚ ਸ਼ਾਮਲ ਦਸ ਤਾਵੇਜ਼ ਹਨ:
  - — ਪਨਾਹ ਲਈ ਅਰਜ਼ੀ ਅਤੇ ਬਾਹਰ ਕੱਢੇ ਜਾਣ ਤੋਂ ਰੋਕਥਾਮ ਲਈ ਫਾਰਮ (*Application for Asylum and for Withholding of Removal form*, I-589)
  - — ਗੈਰ-ਪ੍ਰਵਾਸੀ ਵਿਦਿਆਰਥੀ ਸਟੇਟਸ ਲਈ ਯੋਗਤਾ ਦਾ ਸਰਟੀਫਿਕੇਟ (*Certificate of Eligibility for Non-immigrant Student Status*, F-1 ਜਾਂ M-1)
  - — ਐਕਸਚੇਂਜ ਵਿਜ਼ਿਟਰ ਸਟੇਟਸ ਲਈ ਯੋਗਤਾ ਦਾ ਸਰਟੀਫਿਕੇਟ (*Certificate of Eligibility for Exchange Visitor Status*, J-1)
  - — ਅਦਾਲਤੀ ਦਸਤਾਵੇਜ਼ ਜਿੱਥੇ ਤੁਹਾਨੂੰ ਅਦਾਲਤੀ ਕਾਰਵਾਈ ਲਈ ਇੱਕ ਪਾਰਟੀ ਦੇ ਤੌਰ ਤੇ ਨਾਮਿਤ ਕੀਤਾ ਜਾਂਦਾ ਹੈ

— ਇਨਕਮ ਟੈਕਸ ਰਿਟਰਨ
— ਡ੍ਰਾਈਵਰ ਲਾਈਸੈਂਸ (DL) (ਵੈਧ ਜਾਂ ਮਿਆਦ ਪੁੱਗਿਆ)

- ਵਿਵਾਹਕ ਸਥਿਤੀ, ਜਿੰਨਾ ਵਿੱਚ ਸ਼ਾਮਲ ਹਨ:
  — ਵਿਆਹ ਦਾ ਲਾਇਸੈਂਸ
  — ਘਰੇਲੂ ਪਾਰਟਨਰ ਰਜਿਸਟ੍ਰੇਸ਼ਨਜ਼

ਵਿਆਹ ਦੇ ਲਾਇਸੈਂਸ (ਅੰਗਰੇਜ਼ੀ ਤੋਂ ਇਲਾਵਾ) 'ਤੇ ਭਾਸ਼ਾ ਦੇ ਪ੍ਰਮਾਣਿਤ ਅਨੁਵਾਦ ਜਾਂ ਅੰਗਰੇਜ਼ੀ ਵਿਚ ਅਨੁਵਾਦ ਦਾ ਹਲਫੀਆ ਬਿਆਨ ਸ਼ਾਮਲ ਕਰਨ ਦੀ ਲੋੜ ਹੈ।

- ਤਲਾਕ ਦਾ ਹੁਕਮਨਾਮਾ

ਤਲਾਕ ਦੇ ਹੁਕਮਨਾਮੇ (ਅੰਗਰੇਜ਼ੀ ਤੋਂ ਇਲਾਵਾ) 'ਤੇ ਭਾਸ਼ਾ ਦੇ ਪ੍ਰਮਾਣਿਤ ਅਨੁਵਾਦ ਜਾਂ ਅੰਗਰੇਜ਼ੀ ਵਿਚ ਅਨੁਵਾਦ ਦਾ ਹਲਫੀਆ ਬਿਆਨ ਸ਼ਾਮਲ ਕਰਨ ਦੀ ਲੋੜ ਹੈ।

- ਵਿਦੇਸ਼ੀ ਦਸਤਾਵੇਜ਼, ਜਿੰਨਾਂ ਵਿੱਚ ਸ਼ਾਮਲ ਹਨ:
  — ਵਿਦੇਸ਼ੀ ਪਾਸਪੋਰਟ
  — ਵਿਦੇਸ਼ੀ ਰਾਸ਼ਟਰੀ ਪਛਾਣ (ਆਈਡੀ) ਕਾਰਡ
  — ਕੰਸੂਲਰ ਆਈਡੀ ਕਾਰਡ
  — ਵਿਦੇਸ਼ੀ ਡ੍ਰਾਈਵਰ ਲਾਈਸੈਂਸ (DL)

ਵਿਦੇਸ਼ੀ ਡ੍ਰਾਈਵਰ ਲਾਈਸੈਂਸ (DL) (ਅੰਗਰੇਜ਼ੀ ਤੋਂ ਇਲਾਵਾ) 'ਤੇ ਭਾਸ਼ਾ ਦੇ ਪ੍ਰਮਾਣਿਤ ਅਨੁਵਾਦ ਜਾਂ ਅੰਗਰੇਜ਼ੀ ਵਿਚ ਅਨੁਵਾਦ ਦਾ ਹਲਫੀਆ ਬਿਆਨ ਸ਼ਾਮਲ ਕਰਨ ਦੀ ਲੋੜ ਹੈ।

- ਆਈਡੀ ਕਾਰਡ

ਆਈਡੀ ਕਾਰਡ(ਡਾਂ) ਵਿੱਚ ਅਮਰੀਕਾ ਦੀ ਸਰਕਾਰ ਜਾਂ ਅਮਰੀਕਾ ਅੰਦਰ ਕਿਸੇ ਸਰਕਾਰ ਦੁਆਰਾ ਜਾਰੀ ਕੀਤੀ ਗਈ ਬਿਨੈਕਾਰ ਦੀ ਇੱਕ ਤਸਵੀਰ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ।

- ਜਨਮ ਦੇ ਦਸਤਾਵੇਜ਼, ਜਿੰਨਾਂ ਵਿੱਚ ਸ਼ਾਮਲ ਹਨ:
  — ਜਨਮ ਪ੍ਰਮਾਣ ਪੱਤਰ
  — ਗੋਦ ਲੈਣ ਦਾ ਰਿਕਾਰਡ

ਉਪਰੋਕਤ ਸੂਚੀ ਵਿੱਚੋਂ ਪੇਸ਼ ਕੀਤੇ ਗਏ ਕਿਸੇ ਵੀ ਦਸਤਾਵੇਜ਼(ਜ਼ਾਂ) ਜੋ ਤੁਹਾਡੇ ਪਤੀ ਜਾਂ ਪਤਨੀ, ਘਰੇਲੂ ਸਹਿਭਾਗੀ, ਬੱਚੇ, ਮਾਤਾ-ਪਿਤਾ ਜਾਂ ਕਾਨੂੰਨੀ ਸਰਪ੍ਰਸਤ ਨੂੰ ਸੂਚੀਬੱਧ ਕਰਦੇ ਹਨ, ਬਸ਼ਰਤੇ ਕਿ ਬਿਨੈਕਾਰ ਦੇ ਰਿਸ਼ਤੇ ਦਾ ਪਤਾ ਲਗਾਉਣ ਲਈ ਜਨਮ ਸਰਟੀਫਿਕੇਟ, ਗੋਦ ਲੈਣ ਦਾ ਰਿਕਾਰਡ, ਵਿਆਹ ਦਾ ਲਾਇਸੈਂਸ, ਜਾਂ ਘਰੇਲੂ ਪਾਰਟਨਰਸ਼ਿਪ ਰਜਿਸਟ੍ਰੇਸ਼ਨ ਵੀ ਪ੍ਰਦਾਨ ਕਰਦਾ ਹੈ।

ਮੈਂ ਵਦਿੇਸ਼ੀ ਦਸਤਾਵੇਜ਼ ਕਵਿੇਂ ਪ੍ਰਾਪਤ ਕਰ ਸਕਦਾ/ਦੀ ਹਾਂ?

ਜੇ ਤੁਹਾਨੂੰ ਆਪਣੇ ਵਿਦੇਸ਼ੀ ਦਸਤਾਵੇਜ਼ਾਂ ਨੂੰ ਬਦਲਣ ਜਾਂ ਪ੍ਰਾਪਤ ਕਰਨ ਦੀ ਲੋੜ ਹੈ ਤਾਂ ਤੁਸੀਂ ਆਪਣੇ ਦੇਸ਼ ਦੇ ਕੌਂਸਲੇਟ ਨਾਲ ਸੰਪਰਕ ਕਰ ਸਕਦੇ ਹੋ। ਇੱਕ ਕੌਂਸਲੇਟ ਦਫ਼ਤਰ ਵਿਦੇਸ਼ੀ ਨਾਗਰਿਕਾਂ ਦੇ ਵਲੋਂ ਕੰਮ ਕਰਦਾ ਹੈ ਤਾਂ ਜੋ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਨਾਗਰਿਕਾਂ ਦੀ ਮਦਦ ਅਤੇ ਸਹਾਇਤਾ ਕੀਤੀ ਜਾ ਸਕੇ।

ਕੌਂਸਲੇਟ ਥਾਂਵਾਂ ਅਤੇ ਸੰਪਰਕ ਜਾਣਕਾਰੀ ਰੋਜ਼ਾਨਾ ਬਦਲ ਸਕਦੀਆਂ ਹਨ। ਇਹ ਸੁਨਿਸਚਿਤ ਕਰਨ ਲਈ ਕਿ ਤੁਸੀਂ ਸਭ ਤੋਂ ਵਰਤਮਾਨ ਕੌਂਸਲੇਟ ਜਾਣਕਾਰੀ ਪ੍ਰਾਪਤ ਕਰੋ, ਅਮਰੀਕਾ ਅੰਦਰਲੀਆਂ ਕੌਂਸਲੇਟਾਂ ਦੀ ਪੂਰੀ ਸੂਚੀ ਵੇਖਣ ਲਈ ਕਿਰਪਾ ਕਰਕੇ **state.gov** 'ਤੇ ਜਾਓ।

ਜੇ ਮੇਰੀ ਪਛਾਣ/ਰਹਿਾਇਸ਼ ਦੀ ਪੁਸ਼ਟੀ ਨਾ ਕੀਤੀ ਜਾ ਸਕੀ ਤਾਂ ਕੀ ਹੋਵੇਗਾ?

ਤੁਹਾਡੀ ਪਛਾਣ/ਰਿਹਾਇਸ਼ ਦੀ ਪੁਸ਼ਟੀ ਕਰਨ ਲਈ DMV ਹਰ ਕੋਸ਼ਿਸ਼ ਕਰੇਗੀ। ਜੇ DMV ਅਜਿਹਾ ਕਰਨ ਤੋਂ ਅਸਮਰੱਥ ਹੈ, ਤਾਂ ਤੁਹਾਨੂੰ ਡਾਕ ਰਾਹੀਂ ਇੱਕ ਪੱਤਰ ਭੇਜਿਆ ਜਾਏਗਾ ਜੋ ਦੱਸੇਗਾ ਕਿ ਗੀ ਕਿ ਤੁਹਾਡੇ ਡ੍ਰਾਈਵਰ ਲਾਈਸੈਂਸ (DL) ਦੀ ਦੂਜੀ ਸਮੀਖਿਆ ਰੈਫ਼ਰਲ ਪ੍ਰਕਿਰਿਆ ਸਮਾਪਤ ਹੋ ਗਈ ਹੈ। ਜੇਕਰ DMV ਤੁਹਾਡੀ ਪਛਾਣ/ਰਿਹਾਇਸ਼ ਦੀ ਪੁਸ਼ਟੀ ਕਰਨ ਵਿੱਚ ਅਸਮਰੱਥ ਹੈ ਤਾਂ ਤੁਹਾਡੇ ਕੋਲ ਸੁਣਵਾਈ ਲਈ ਬੇਨਤੀ ਕਰਨ ਦਾ ਅਧਿਕਾਰ ਹੈ। ਜੇਕਰ ਧੋਖਾਧੜੀ ਵਾਲੇ ਦਸਤਾਵੇਜ਼ ਪੇਸ਼ ਕੀਤੇ ਜਾਂਦੇ ਹਨ, ਤਾਂ DMV ਅੱਗੇ ਕਾਰਵਾਈ ਕਰ ਸਕਦਾ ਹੈ।

DMV ਜਾਂਚ-ਪੜਤਾਲ (*INV*) ਵਭਿਾਗ ਬਾਰੇ ਜਾਣਕਾਰੀ

DMV ਦਾ INV ਸਟਾਫ਼ ਦੂਜੀ ਸਮੀਖਿਆ ਪ੍ਰਕਿਰਿਆ ਦਾ ਸੰਚਾਲਨ ਕਰਦਾ ਹੈ। INV ਕਾਨੂੰਨ ਲਾਗੂ ਕਰਨ ਵਾਲਾ ਇੱਕ ਨੇਤਾ ਹੈ, ਜਿਸ ਵਿੱਚ ਤਕਰੀਬਨ 220 ਸ਼ਾਂਤੀ ਅਧਿਕਾਰੀਆਂ ਦੀ ਇਕ ਕੁਸ਼ਲ ਟੀਮ ਅਤੇ 130 ਤੋਂ ਵੱਧ ਸਹਾਇਤਾ ਸਟਾਫ ਹੈ। INV ਇਨ੍ਹਾਂ ਨਾਲ ਨਾਲ ਸਬੰਧਤ ਜਾਂਚਾਂ ਕਰਦਾ ਹੈ: ਪਛਾਣ ਦੀ ਚੋਰੀ, ਵਿੱਤੀ ਅਪਰਾਧ, ਕਰਮਚਾਰੀ ਦੁਰਵਿਹਾਰ, ਨਕਲੀ/ਬਦਲੀ ਕੀਤੇ ਗਏ ਦਸਤਾਵੇਜ਼, ਅਤੇ DMV ਅਤੇ ਵਪਾਰਕ ਲਾਇਸੰਸਾਂ ਦੇ ਖਿਲਾਫ਼ ਖਪਤਕਾਰ ਸ਼ਿਕਾਇਤਾਂ। INV ਪੂਰਨਤਾ ਨਾਲ, ਸਟਾਫ਼ ਸਾਰੇ ਕਰਮਚਾਰੀਆਂ ਅਤੇ ਉਪਭੋਗਤਾਵਾਂ ਲਈ ਪੇਸ਼ੇਵਰਾਨਾ ਅਤੇ ਸਨਮਾਨ ਨਾਲ ਗੁਣਵੱਤਾ ਸੇਵਾਵਾਂ ਪ੍ਰਦਾਨ ਕਰਕੇ ਬੇਮਿਸਾਲ ਗਾਹਕ ਸੇਵਾ ਦਰਸਾਉਂਦਾ ਹੈ।